North East London

# ਸੈਕੰਡਰੀ ਸਕੂਲ ਵਿਖੇ ਫਲ ਵੈਕਸੀਨੇਸ਼ਨਸ

## ਵੈਕਸੀਨੇਸ਼ਨ ਤੁਹਾਡੀ ਮਰਜ਼ੀ ਹੈ।

ਅਸੀਂ ਤੁਹਾਨੂੰ ਉਹ ਜਾਣਕਾਰੀ ਦੇਣਾ ਚਾਹੁੰਦੇ ਹਾਂ, ਜਿਸਦੀ ਤੁਹਾਨੂੰ ਲੋੜ ਹੈ।




ਵਧੇਰੇ ਜਾਣਕਾਰੀ ਲਈ ਸਾਡੀ ਵੈਬਸਾਈਟ **northeastlondon.icb.nhs.uk/TeenVaccines** ਤੇ ਜਾਓ ਜਾਂ QR ਕੋਡ ਸਕੈਨ ਕਰੋ।

## ਫਲ ਵਕਸੀਨ

ਬੱਚਿਆਂ ਦਾ ਫਲੂ ਵੈਕਸੀਨ, ਫਲੂ ਤੋਂ ਬਚਾਉਣ ਵਿੱਚ ਮਦਦ ਕਰਦਾ ਹੈ। ਇਹ ਸਕੂਲ ਦੇ ਰਿਸੈਪਸ਼ਨ ਤੋਂ ਸਾਲ 11 ਤੱਕ ਦੇ ਸਾਰੇ ਬੱਚਿਆਂ ਨੂੰ ਹਰੇਕ ਪਤਝੜ ਟਰਮ ਵਿੱਚ ਲਗਾਇਆ ਜਾਂਦਾ ਹੈ।

## ਬਚਿਆ ਨ ਫਲ ਵਕਸੀਨ ਕਿਉ ਲਗਾਇਆ ਜਾਦਾ ਹ?

ਫਲੂ ਬਹੁਤ ਹੀ ਅਸੁਖਾਵਾਂ ਹੋ ਸਕਦਾ ਹੈ ਅਤੇ ਕਦੇ-ਕਦਾਈਂ ਗੰਭੀਰ ਸਮੱਸਿਆਵਾਂ ਪੈਦਾ ਕਰ ਸਕਦਾ ਹੈ। ਯੂ.ਕੇ. ਵਿੱਚ ਹਰੇਕ ਸਰਦੀ ਵਿੱਚ, ਹੋਰ ਤਰ੍ਹਾਂ ਨਾਲ ਹਜ਼ਾਰਾਂ ਸਿਹਤਮੰਦ ਬੱਚਿਆਂ ਅਤੇ ਨੌਜਵਾਨਾਂ ਨੂੰ ਫੂਲ ਦੇ ਕਾਰਨ ਹਸਪਤਾਲ ਵਿੱਚ ਦੇਖਭਾਲ ਦੀ ਲੋੜ ਪੈਂਦੀ ਹੈ।

ਬੱਚਿਆਂ ਅਤੇ ਨੌਜਵਾਨਾਂ ਵਿੱਚ ਅਸਾਨੀ ਨਾਲ ਫਲੂ ਹੋ ਕੇ ਫੈਲ ਸਕਦਾ ਹੈ। ਫਲੂ ਵੈਕਸੀਨ ਲਗਵਾਉਣ ਨਾਲ ਦੂਜਿਆਂ ਦੀ ਸੁਰੱਖਿਆ ਵਿੱਚ ਵੀ ਮਦਦ ਮਿਲਦੀ ਹੈ, ਜਿਹਨਾਂ ਨੂੰ ਫਲੂ ਤੋਂ ਗੰਭੀਰ ਰੂਪ ਨਾਲ ਬੀਮਾਰ ਹੋਣ ਦਾ ਉੱਚ ਜੋਖਮ ਹੁੰਦਾ ਹੈ, ਜਿਵੇਂ ਛੋਟੇ ਬੱਚੇ ਅਜਤੇ ਬਜ਼ੁਰਗ।

## ਤਹਾਨ ਇਹ ਕਿਵ ਲਗਾਇਆ ਜਾਦਾ ਹ?

ਕੁਸ਼ਲ ਵੈਕਸੀਨੇਟਰਾਂ ਦੀ ਇੱਕ ਟੀਮ ਤੁਹਾਡੇ ਸਕੂਲ ਵਿੱਚ ਆਵੇਗੀ। ਉਹ ਬਹੁਤ ਅਨੁਭਵੀ ਹੁੰਦੇ ਹਨ ਅਤੇ ਹਰ ਸਾਲ ਹਜ਼ਾਰਾਂ ਵੈਕਸੀਨੇਸ਼ਨਸ ਲਗਾਉਂਦੇ ਹਨ। ਉਹਨਾਂ ਦੇ ਆਉਣ ਤੋਂ ਪਹਿਲਾਂ, ਵੈਕਸੀਨਾਂ ਦਾ ਵਰਣਨ ਕਰਦੇ ਹੋਏ ਅਤੇ ਮਾਪਿਆਂ ਨੂੰ ਉਹਨਾਂ ਦੀ ਰਜ਼ਾਮੰਦੀ ਪੁੱਛਦੇ ਹੋਏ ਤੁਹਾਡੇ ਸਕੂਲ ਵੱਲੋਂ ਇੱਕ ਚਿੱਠੀ ਭੇਜੀ ਜਾਵੇਗੀ। ਮਾਪੇ ਇੱਕ ਤਤਕਾਲੀ ਔਨਲਾਈਨ ਜਾਂ ਪੇਪਰ ਫਾਰਮ ਭਰ ਕੇ ਅਜਿਹਾ ਕਰ ਸਕਦੇ ਹਨ।

ਕਦੇ-ਕਦਾਈਂ ਤੁਸੀਂ ਉਸ ਦਿਨ ਵੈਕਸੀਨੇਟਰ ਨਾਲ ਗੱਲ ਕਰਨ ਅਤੇ ਖੁਦ ਰਜ਼ਾਮੰਦੀ ਦੇਣ ਯੋਗ ਹੋਵੋਗੇ।

ਜੇਕਰ ਤੁਸੀਂ ਕੋਈ ਵੈਕਸੀਨੇਸ਼ਨ ਨਹੀਂ ਲਗਵਾ ਸਕੇ ਹੋ, ਤਾਂ ਤੁਸੀਂ ਹਮੇਸ਼ਾ ਬਾਅਦ ਵਿੱਚ ਲਗਵਾ ਸਕਦੇ ਹੋ। ਆਪਣੇ ਜੀ.ਪੀ. (GP) ਨੂੰ ਜਾਂ ਸਕੂਲ ਵੈਕਸੀਨੇਸ਼ਨ ਟੀਮ ਨੂੰ ਪੁੱਛੋ।

## ਇਸ ਵਿਚ ਕੀ ਹ?

ਬੱਚਿਆਂ ਦਾ ਫਲੂ ਵੈਕਸੀਨ ਇੱਕ ਤੁਰੰਤ ਅਤੇ ਦਰਦ-ਰਹਿਤ ਨੱਕ ਦੇ ਸਪ੍ਰੇ ਵਜੋਂ ਦਿੱਤਾ ਜਾਂਦਾ ਹੈ। ਇਹ 2 ਤੋਂ 17 ਸਾਲ ਦੇ ਬੱਚਿਆਂ ਲਈ ਸਭ ਤੋਂ ਵਧੀਆ ਬਚਾਉ ਦਿੰਦਾ ਹੈ।

ਨੱਕ ਦੇ ਸਪ੍ਰੇ ਦੇ ਵੈਕਸੀਨ ਵਿੱਚ ਥੋੜ੍ਹੀ ਜਿਹੀ ਮਾਤਰਾ ਵਿੱਚ ਪੋਰਕ ਜੈਲੇਟਿਨ ਹੁੰਦਾ ਹੈ (ਪੋਰਸੀਨ ਜੈਲੇਟਿਨ, ਜੋ ਸੂਰਾਂ ਤੋਂ ਆਉਂਦਾ ਹੈ)। ਇੱਕ ਵਿਕਲਪਿਕ ਟੀਕੇ ਵਾਲਾ ਵੈਕਸੀਨ ਹੁੰਦਾ ਹੈ, ਜਿਸ ਵਿੱਚ ਕੋਈ ਵੀ ਪੋਰਕ ਜੈਲੇਟਿਨ ਨਹੀਂ ਹੁੰਦਾ।

ਜੇਕਰ ਤੁਸੀਂ ਟੀਕੇ ਵਾਲਾ ਫਲੂ ਵੈਕਸੀਨ ਲਗਵਾਉਣਾ ਚਾਹੁੰਦੇ ਹੋ, ਤਾਂ ਤੁਸੀਂ ਆਪਣੇ ਜੀ.ਪੀ. (GP) ਨਾਲ ਜਾਂ ਸਕੂਲ ਇਮਿਨਾਈਜੇਸ਼ਨ ਟੀਮ ਨਾਲ ਗੱਲ ਕਰ ਸਕਦੇ ਹੋ।

## ਕੀ ਇਸਦ ਮਾੜ ਅਸਰ ਹਨ?

ਤੁਹਾਨੂੰ ਕਿਸੇ ਵੀ ਫਲੂ ਵੈਕਸੀਨਾਂ ਤੋਂ ਫਲੂ ਨਹੀਂ ਹੋ ਸਕਦਾ।

ਜਿਵੇਂ ਕਿਸੇ ਵੀ ਦਵਾਈ ਨਾਲ ਹੁੰਦਾ ਹੈ, ਕੁਝ ਮਾੜੇ ਅਸਰ ਹੋ ਸਕਦੇ ਹਨ, ਪਰੰਤੂ ਇਹ ਜ਼ਿਆਦਾ ਦੇਰ ਤੱਕ ਨਹੀਂ ਰਹਿੰਦੇ ਅਤੇ ਕਈਆਂ ਨੂੰ ਬਿਲਕੁੱਲ ਵੀ ਮਾੜੇ ਅਸਰਾਂ ਦਾ ਅਨੁਭਵ ਨਹੀਂ ਹੁੰਦਾ।

ਨੱਕ ਦੇ ਸਪ੍ਰੇ ਫਲੂ ਵੈਕਸੀਨ ਦੇ ਮਾੜੇ ਅਸਰਾਂ ਵਿੱਚ ਸ਼ਾਮਲ ਹਨ:

- ਨੱਕ ਘੁਟਣਾ ਜਾਂ ਵਗਣਾ
- ਭੁੱਖ ਨਾ ਲੱਗਣਾ
- ਥਕਾਵਟ ਮਹਿਸੂਸ ਹੋਣਾ
- ਸਿਰ ਦਰਦ

ਫਲੂ ਵੈਕਸੀਨ ਟੀਕੇ ਦੇ ਮਾੜੇ ਅਸਰਾਂ ਵਿੱਚ ਸ਼ਾਮਲ ਹਨ:

- ਉਸ ਥਾਂ ਤੇ ਦਰਦ ਜਾਂ ਪੀੜ, ਜਿੱਥੇ ਟੀਕਾ ਲਗਾਇਆ ਗਿਆ ਸੀ
- ਥੋੜ੍ਹਾ ਜਿਹਾ ਵਧਿਆ ਤਾਪਮਾਨ
- ਸਰੀਰ ਵਿੱਚ ਦਰਦ



# ਫਲ ਵਕਸੀਨ ਕਿਨੀ ਚਗੀ ਤਰਾ ਕਮ ਕਰਦਾ ਹ ਅਤ ਇਹ ਕਿਨ ਸਮ ਤਕ ਚਲਦਾ ਹ?

ਫਲੂ ਵੈਕਸੀਨ ਦਾ ਉਦੇਸ਼ ਬੱਚਿਆਂ ਅਤੇ ਨੌਜਵਾਨਾਂ ਨੂੰ ਫਲੂ ਵਾਇਰਸਾਂ ਦੇ ਸਭ ਤੋਂ ਵੱਧ ਆਮ ਪ੍ਰਕਾਰਾਂ ਤੋਂ ਰੱਖਿਆ ਕਰਨਾ ਹੈ। ਤਦ ਵੀ ਸੰਭਾਵਨਾ ਹੁੰਦੀ ਹੈ ਕਿ ਵੈਕਸੀਨ ਲਗਵਾਉਣ ਤੋਂ ਬਾਅਦ ਫਲੂ ਹੋ ਸਕਦਾ ਹੈ, ਪਰੰਤੂ ਤੁਹਾਡੀ ਗੰਭੀਰ ਰੂਪ ਨਾਲ ਬੀਮਾਰ ਹੋਣ, ਕੋਈ ਵੀ ਸਿੱਖਿਆ ਪ੍ਰਾਪਤ ਨਾ ਕਰ ਸਕਣ ਜਾਂ ਹਸਪਤਾਲ ਜਾਣ ਦੀ ਲੋੜ ਦੀ ਘੱਟ ਸੰਭਾਵਨਾ ਹੁੰਦੀ ਹੈ।

ਫਲੂ ਵੈਕਸੀਨ ਤੋਂ ਬਚਾਉ ਸਮਾਂ ਬੀਤਣ ਤੇ ਘਟ ਜਾਂਦਾ ਹੈ ਅਤੇ ਫਲੂ ਦੇ ਪ੍ਰਕਾਰ, ਜਿਹਨਾਂ ਤੋਂ ਵੈਕਸੀਨ ਰੱਖਿਆ ਕਰਦਾ ਹੈ, ਹਰ ਸਾਲ ਅੱਪਡੇਟ ਹੁੰਦੇ ਰਹਿੰਦੇ ਹਨ। ਇਸ ਕਰਕੇ ਹਰ ਸਾਲ ਫਲੂ ਵੈਕਸੀਨ ਲਗਵਾਉਣਾ ਮਹੱਤਵਪੂਰਣ ਹੈ।



ਵਧੇਰੇ ਜਾਣਕਾਰੀ ਲਈ ਸਾਡੀ ਵੈਬਸਾਈਟ **northeastlondon.icb.nhs.uk/TeenVaccines** ਕੋਡ ਸਕੈਨ ਕਰੋ।

**ਉਹਨਾਂ ਦੀ ਤਾਕਤ ਨੂੰ ਬਚਾਓ**